Prof. Dr. Harnam Singh Shan
Principal Project Investigator
U.G.C. Research Project on Sikhism
605, Sector 16, Chandigarh

11/ce

SERVICE OF
MARRIAGE AND CHURCHING
( GURMUKHI PUNJABI )

# ਨਿਕਾਹ

## ਦੀ ਰਸਮ
## ਅਦਾ ਕਰਨ ਦਾ ਤਰੀਕਾ

[ ਪੰਜਾਬੀ ਬੋਲੀ ਵਿੱਚ ]

## ਪਿੰਡਾਂ ਦੀ ਮਸੀਹੀ ਜਮਾਇਤਾਂ

ਲਈ

## ਕ੍ਰਿਸਚਨ ਨਾਲਜ ਸੋਸਾਇਟੀ

ਅਨਾਰਕਲੀ ਲਾਹੌਰ

1916

863

ਪਹਿਲੀ ਵਾਰ ੫੦੦ S. P. C. K. LAHORE. ਮੁਲ )॥

Digitized by Panjab Digital Library | www.panjabdigilib.org

ਗੁਲਾਮ ਕਾਦਿਰ ਮਸੀਹੀ ਪ੍ਰਿੰਟਰ ਲਾਹੌਰ ਦੀ ਰਾਹੀਂ
ਬੰਬੇ ਮੈਸ਼ੀਨ ਪ੍ਰੈਸ ਲਾਹੌਰ ਵਿਚ ਛਪਿਆ ॥

Digitized by Panjab Digital Library | www.panjabdigilib.org

Prof. Dr. Harnam Singh Shan
Principal Project Investigator
U.G.C. Research Project on Sikhism
605, Sector 16, Chandigarh.

# ਨਿਕਾਹ

## ਦੀ ਰਸਮ

# ਅਦਾ ਕਰਨ ਦਾ ਤਰੀਕਾ

ਨਿਕਾਹ ਕਰਨ ਵਾਲਿਆਂ ਦੇ ਨਿਕਾਹ ਦਾ ਇਸ਼ਤਿਹਾਰ ਗਿਰਜੇ ਵਿਚ ਉਪਰ ਥਲੀ ਤਿਨ ਐਤਵਾਰ ਸਵੇਰ ਦੀ (ਪਰ ਜੇ ਸਵੇਰ ਦੀ ਨਿਮਾਜ਼ ਨਾਂ ਹੋਵੇ ਤਾਂ ਸ਼ਾਮ ਦੀ) ਨਿਮਾਜ਼ ਦੇ ਦੂਜੇ ਵਿਰਦ ਦੇ ਪਿਛੋਂ ਇਸ ਤਰਾਹ ਦਿਤਾ ਜਾਵੇ

ਮੈ ਫ਼ਲਾਣੇ ਥਾਂ ਦੇ ਫ਼ਲਾਣੇ ਤੇ ਫ਼ਲਾਣੇ ਥਾਂ ਦੀ ਫ਼ਲਾਣੀ ਦੇ ਨਿਕਾਹ ਦੀ ਖ਼ਬਰ ਦੇਂਦਾ ਹਾਂ, ਜੇ ਤੁਹਾਡੇ ਵਿਚੋਂ ਕਿਸੇ ਨੂੰ ਮਾਲੂਮ ਹੋਵੇ ਪਈ ਸ਼ਰਾ ਮੂਜਬ ਏਹਨਾਂ ਦਾ ਪਾਕ ਨਿਕਾਹ ਨਹੀਂ ਹੋ ਸਕਦਾ ਤਾਂ ਓਹਦਾ ਬਿਆਨ ਕਰੇ ਏਹ ਸਵਾਲ ਦਾ ਪਹਿਲਾ ਯਾ ਦੂਜਾ ਯਾ ਤੀਜਾ ਮਰਤਬਾ ਹੈ ॥

ਜਿਨਾਂ ਦਾ ਨਿਕਾਹ ਹੋਣ ਵਾਲਾ ਹੈ ਜੇ ਓਹ ਵਖੋ ਵਖਰੇ ਥਾਂ ਰਹਿੰਦੇ ਹੋਣ ਤਾਂ ਦੁਹੀਂ ਥਾਈਂ ਨਿਕਾਹ ਦਾ ਇਸ਼ਤਿਹਾਰ ਦਿਤਾ ਜਾਵੇ ਤੇ ਇਕ ਥਾਂ ਦਾ ਖ਼ਾਦ-ਮੁਦਦੀਨ ਨਿਕਾਹ ਨਾ ਪੜ੍ਹੇ ਜਿਨਾਂ ਚਿਰ ਦੂਜੇ ਥਾਂ ਦੇ ਖ਼ਾਦਮੁਦਦੀਨ ਵਲੋਂ ਤਿਨ ਵਾਰ ਦੇ ਇਸ਼ਤਿਹਾਰ ਦੀ ਸਨਦ ਨ ਪਾਲਵੇ ਨਿਕਾਹ ਪੜ੍ਹਨ ਦੇ ਦਿਨ ਤੇ ਵੇਲੇ ਜਿਨ੍ਹਾਂ ਦਾ ਨਿਕਾਹ ਹੋਣ ਵਾਲਾ ਹੈ ਵੇਲੇ ਸਿਰ ਅਪਨੇ ਹਮਸਾਯਾਂ ਤੇ ਦੋਸਤਾਂ ਨਾਲ ਗਿਰਜੇ ਵਿਚ ਆਵਨ, ਅਤੇ ਓਥੇ ਲਾੜਾ ਸੱਜੇ ਤੇ ਲਾੜੀ ਖਬੇ ਪਾਸੇ ਇਕੱਠੇ ਖੜੇ ਹੋਣ-ਤੇ ਖ਼ਾਦਮੁਦਦੀਨ ਇਓਂ ਆਖੇ ॥

ਪਿਆਰੇ ਭਿਰਾਓ ਅਸੀਂ ਖ਼ੁਦਾ ਦੇ ਹਜ਼ੂਰ ਤੇ ਇਸ ਜਮਾਇਤ ਦੇ ਰੂਬਰੂ ਏਸ ਲਈ ਇਕੱਠੇ ਹੋਏ ਹਾਂ ਪਈ ਇਸ ਮਰਦ ਤੇ ਇਸ ਔਰਤ ਦਾ ਨਿਕਾਹ ਪੜ੍ਹੀਏ ਏਹ ਇਜ਼ਤ ਦਾ ਮੁਆਮਲਾ ਹੈ ਜਿਨੂੰ ਖ਼ੁਦਾ ਨੇ ਆਦਮੀ ਦੀ ਬੇਗੁਨਾਹੀ ਦੇ ਵੇਲੇ ਮੁਕੱਰਰ ਕੀਤਾ ਤੇ ਗਲੀਲ ਦੇ ਪਿੰਡ ਕਾਨਾ ਵਿਚ ਸਾਡੇ ਖ਼ੁਦਾਵੰਦ ਮਸੀਹ ਨੇ ਪਹਿਲਾ ਮੁਜਜ਼ਾ ਵਿਖਾ ਕੇ ਵਿਆਹ ਨੂੰ ਰੌਣਕ ਤੇ ਇਜ਼ਤ ਦਿਤੀ ਤੇ ਪੌਲੂਸ ਰਸੂਲ ਭੀ ਓਹਦੀ ਐਉਂ ਵਡਿਆਈ ਕਰਦਾ ਤੇ ਕਹਿੰਦਾ ਹੈ ਪਈ ਏਹ ਮੁਆਮਲਾ ਸਾਰੇ ਆਦਮੀਆਂ ਵਿਚ ਇਜ਼ਤ ਦੇ ਲਾਇਕ ਹੈ ਏਸ ਲਈ ਹੁਣ ਚਾਹੀਦਾ ਹੈ ਕਿ ਕੋਈ ਆਦਮੀ ਬੇਅਕਲ ਪਸ਼ੂਆਂ ਵਾਗੂੰ ਜਿਸਮ ਦੀ ਖ਼ੁਦਾਹਿਸ਼ ਪੂਰੀ ਕਰਨ ਨੂੰ ਬਿਨਾਂ ਸੋਚੇ ਸਮਝੇ ਮਸਤੀਵੀਂ ਨਾਲ ਓਹਨੂੰ ਅਖ਼ਤਯਾਰ ਨਾ ਕਰੇ

(863)

Digitized by Panjab Digital Library / www.panjabdigilib.org

ਸਗੋਂ ਅਦਬ ਤੇ ਹੋਸ਼ਯਾਰੀ ਨਾਲ ਸੋਚ ਵਿਚਾਰ ਕੇ ਪ੍ਰਹੇਜ਼ਗਾਰੀ ਤੇ ਖ਼ੁਦਾ ਦੇ ਖ਼ੌਫ਼ ਨਾਲ ਤੇ ਨਿਕਾਹ ਦੇ ਏਹਨਾਂ ਸਬਬਾਂ ਉਤੇ ਭੀ ਸੋਚ ਵਿਚਾਰ ਕਰੇ ॥

ਪਹਿਲਾ ਸਬਬ ਏਹ ਹੈ—ਪਈ ਔਲਾਦ ਪੈਦਾ ਹੋਕੇ ਖ਼ੁਦਾ ਦੇ ਖ਼ੌਫ਼ ਤੇ ਨੇਕ ਤਾਲੀਮ ਨਾਲ ਪਲੇ ਤਾਂ ਜੋ ਓਹਦੇ ਪਾਕ ਨਾਮ ਦੀ ਵਡਯਾਈ ਹੋਵੇ ॥

ਦੂਜਾ ਏਹ—ਪਈ ਜੇਹੜੇ ਰੈਹ ਨਹੀਂ ਸਕਦੇ ਓਹ ਜ਼ਨਾਹ ਥੋਂ ਬਚਣ ਲਈ ਵਿਆਹ ਕਰਨ ਤੇ ਅਪਨੇ ਆਪਨੂੰ ਮਸੀਹ ਦੇ ਬਦਨ ਦੇ ਬੇ ਐਬ ਅੰਗ ਬਨਾਈ ਰਖਨ ॥

ਤੀਜਾ ਏਹ—ਪਈ ਦੁਖ ਸੁਖ ਦੇ ਵੇਲੇ ਇਕਨੂੰ ਦੂਜੇ ਥੋਂ ਮਦਦ ਤੇ ਤਸਲੀ ਮਿਲੇ ॥

ਹੁਣ ਏਹ ਦੋਵੇਂ ਪਾਕ ਨਿਕਾਹ ਕਰਾਵਨ ਲਈ ਹਾਜ਼ਰ ਹੋਏ ਹੈਨ ਸੋ ਜੇਕਰ ਤੁਹਾਡੇ ਵਿਚੋਂ ਕੋਈ ਅਜਿਹਾ ਸਬਬ ਜਾਣਦਾ ਹੋਵੇ ਜਿਸ ਕਰਕੇ ਏਹਨਾਂ ਦੋਹਾਂ ਦਾ ਨਿਕਾਹ ਸ਼ਰਾਹ ਮੂਜਬ ਜਾਇਜ ਨਾਂ ਹੋਵੇ ਤਾਂ ਹੁਣ ਦਸ ਦੇਵੇ ਨਹੀਂ ਤਾਂ ਫਿਰ ਕਦੀ ਨਾਂ ਆਖੇ ॥

ਫੇਰ ਜਿਨ੍ਹਾਂ ਦਾ ਨਿਕਾਹ ਹੋਨ ਵਾਲਾ ਹੈ ਓਹਨਾਂ ਨੂੰ ਖ਼ਾਦਮੁਦਦੀਨ ਐਉਂ ਆਖੇ ੩—

ਮੈਂ ਤੁਹਾਨੂੰ ਅਦਾਲਤ ਦੇ ਉਸ ਡਰਾਵਨੇ ਦਿਨ ਦੀ ਯਾਦ ਦਿਵਾ ਕੇ ਜਿਹਦੇ ਵਿਚ ਸਭਨਾਂ ਦੇ ਦਿਲਾਂ ਦੇ ਭੇਦ ਖੁਲ੍ਹ ਜਾਨਗੇ ਤੁਸਾਂ ਦੋਹਾਂ ਨੂੰ ਤਾਕੀਦ ਤੇ ਹੁਕਮ ਕਰਦਾ ਹਾਂ ਪਈ ਜੇਕਰ ਕੋਈ ਤੁਹਾਡੇ ਵਿਚੋਂ ਕੋਈ ਅਜਿਹਾ ਸਬਬ ਜਾਣਦਾ ਹੋਵੇ ਜਿਸ ਕਰਕੇ ਤੁਹਾਡਾ ਨਿਕਾਹ ਬੰਨਣਾਂ ਜਾਇਜ਼ ਨਾਂ ਹੋਵੇ ਤਾਂ ਹੁਣੇ ਓਹਦਾ ਕਰਾਰ ਕਰੇ ਕਿਉਂ ਜੋ ਯਕੀਨ ਜਾਣੋ ਪਈ ਜਿਨ੍ਹਾਂ ਦਾ ਜੋੜਾ ਖ਼ੁਦਾ ਦੇ ਕਲਾਮ ਮੂਜਬ ਨਹੀਂ ਹੋਯਾ ਓਹ ਖ਼ੁਦਾ ਵਲੋਂ ਨਹੀਂ ਜੁੜੇ ਨਾਂ ਉਨ੍ਹਾਂ ਦਾ ਨਿਕਾਹ ਜਾਇਜ਼ ਹੈ ॥

ਨਿਕਾਹ ਦੇ ਦਿਨ ਜੇ ਕੋਈ ਸ਼ਖ਼ਸ਼ ਪੱਕਾ ਸਬਬ ਨਿਕਾਹ ਦੇ ਜਾਇਜ਼ ਨਾ ਹੋਣ ਦਾ ਬਿਆਨ ਕਰੇ ਨਾਲੇ ਹਰਜੇ ਦਾ ਬਿਮਾ ਲਏ ਤਾਂ ਓਹਦੀ ਤਾਹਕੀਕਾਤ ਹੋਣ ਤੀਕਰ ਨਿਕਾਹ ਨਾ ਪੜ੍ਹਿਆ ਜਾਏ, ਪਰ ਜੇ ਕੋਈ ਅਜਿਹਾ ਸਬਬ ਨ ਹੋਵੇ ਤਾਂ ਖ਼ਾਦਮੁਦਦੀਨ ਮਰਦ ਨੂੰ ਐਉਂ ਆਖੇ੩—

Digitized by Panjab Digital Library | www.panjabdigilib.org

**ਫ਼ਲਾਣਿਆਂ** ਕੀਹ ਤੂੰ ਇਸ ਔਰਤ ਨੂੰ ਅਪਨੀ ਵਿਆਹਤਾ ਵਹੁਟੀ ਹੋਣ ਲਈ ਕਬੂਲ ਕਰਦਾ ਹੈਂ ਤਾਂ ਜੋ ਖ਼ੁਦਾ ਦੇ ਹੁਕਮ ਮੂਜਬ ਨਿਕਾਹ ਦੀ ਪਾਕ ਹਾਲਤ ਵਿਚ ਓਹਦੇ ਨਾਲ ਉਮਰ ਕਟੇਂ, ਕੀਹ ਤੂੰ ਓਹਦੇ ਨਾਲ ਮੁਹਬਤ ਰਖੇਂਗਾ ? ਓਹਨੂੰ ਤਸਲੀ ਦੇਂਗਾ ? ਓਹਦੀ ਇਜ਼ਤ ਕਰੇਂਗਾ ? ਤੇ ਦੁਖ ਸੁਖ ਵਿਚ ਓਹਦੀ ਖ਼ਬਰ ਲਏਂਗਾ ? ਤੇ ਜਦ ਤੋੜੀ ਤੁਸਾਂ ਦੋਵੇਂ ਜੀਉਂਦੇ ਹੋ ਹੋਰ ਸਾਰਿਆਂ ਨੂੰ ਛਡਕੇ ਸਿਰਫ਼ ਓਹਦੇ ਹੀ ਨਾਲ ਰਹੇਂਗਾ ?

ਮਰਦ ਜਵਾਬ ਦੇ

ਹਾਂ ਮੈਨੂੰ ਮਨਜ਼ੂਰ ਹੈ ॥

ਫਿਰ ਖ਼ਾਦਮੁਦਦੀਨ ਔਰਤ ਨੂੰ ਆਖੇ:—

**ਫ਼ਲਾਣੀਏ** ਕੀਹ ਤੂੰ ਇਸ ਆਦਮੀ ਨੂੰ ਅਪਨਾਂ ਖ਼ਸਮ ਹੋਨ ਲਈ ਕਬੂਲ ਕਰਨੀ ਹੈ ਤਾਂ ਜੋ ਖ਼ੁਦਾ ਦੇ ਪਾਕ ਹੁਕਮ ਮੂਜਬ ਨਿਕਾਹ ਦੀ ਪਾਕ ਹਾਲਤ ਵਿਚ ਓਹਦੇ ਨਾਲ ਉਮਰ ਕੱਟੇਂ, ਕੀਹ ਤੂੰ ਓਹਦੇ ਹੁਕਮ ਵਿਚ ਰਹੇਂਗੀ ? ਓਹਦੀ ਟਹਿਲ ਕਰੇਂਗੀ ਓਹਦੇ ਨਾਲ ਮੁਹਬਤ ਰਖੇਂਗੀ ? ਓਹਦੀ ਇਜ਼ਤ ਕਰੇਂਗੀ ? ਤੇ ਦੁਖ ਸੁਖ ਵਿਚ ਓਹਦੀ ਖ਼ਬਰ ਲਏਂਗੀ ? ਤੇ ਜਦ ਤੀਕਰ ਤੁਸੀਂ ਦੋਵੇਂ ਜੀਉਂਦੇ ਹੋ ਹੋਰ ਸਾਰਿਆਂ ਨੂੰ ਛਡਕੇ ਸਿਰਫ਼ ਓਹਦੇਈ ਨਾਲ ਰਹੇਂਗੀ ?

ਔਰਤ ਜਵਾਬ ਦੇ

ਹਾਂ ਮੈਨੂੰ ਮਨਜ਼ੂਰ ਹੈ ॥

ਫਿਰ ਖ਼ਾਦਮੁਦਦੀਨ ਕਹੇ :—

ਕੌਣ ਇਸ ਔਰਤ ਦੀ ਬਾਂਹ ਇਸ ਮਰਦ ਨਾਲ ਵਿਆਹੇ ਜਾਣ ਲਈ ਫੜਾਂਵਦਾ ਹੈ ? ॥

ਤਦ ਓਹ ਇਕ ਦੂਜੇ ਨਾਲ ਇਸ ਤਰਹ ਕੌਲ ਇਕਰਾਰ ਕਰਨ:— ਪਈ ਖ਼ਾਦਮੁਦਦੀਨ ਓਹਦੀ ਬਾਂਹ ਓਹਦੇ ਕਿਸੇ ਸਕੇ ਯਾਕਿਸੇ ਸਜਣ ਪਾਸੋਂ ਲੈਕੇ ਆਦਮੀ ਦੇ ਸੱਜੇ ਹਥ ਵਿਚ ਔਰਤ ਦਾ ਸਜਾ ਹਥਫੜਾਵੇ ਤੇ ਆਦਮੀ ਖ਼ਾਦਮੁਦਦੀਨ ਦੇ ਪਿਛੇ ਪਿਛੇ ਐਉਂ ਕਹੇ:—

ਮੈਂ (ਫ਼ਲਾਣਾਂ ਤੈਨੂੰ (ਫ਼ਲਾਣੀ) ਨੂੰ ਅਪਨੀ ਵਿਆਹਤਾ ਵਹੁਟੀ ਹੋਣ ਲਈ ਕਬੂਲ ਕਰਦਾ ਹਾਂ ਤਾਂ ਜੋ ਖ਼ੁਦਾ ਦੇ ਪਾਕ ਹੁਕਮਮੂਜਬ ਅਜ

Digitized by Panjab Digital Library | www.panjabdigilib.org

ਥੋਂ ਲੈਕੇ ਮੌਤ ਤੀਕਰ ਭਲਜਾਈ ਤੇ ਬੁਰਜਾਈ ਤੰਗੀ ਤੇ ਖੁਸ਼ਹਾਲੀ ਬੀਮਾਰੀ ਤੇ ਤੰਦੁਰੁਸਤੀ ਵਿਚ ਤੈਨੂੰ ਅਪਨੀ ਬਨਾਈ ਰਖਾਂ, ਤੇ ਤੇਰੀ ਖ਼ਾਤਰ ਕਰਾਂ, ਏਸ ਗਲ ਦਾ ਮੈਂ ਤੇਰੇ ਨਾਲ ਕੌਲ ਇਕਰਾਰ ਕਹਦਾ ਹਾਂ ॥

ਫੇਰ ਓਹ ਹਥ ਛਡ ਦੇਨ ਤੇ ਔਰਤ ਅਪਨੇ ਸਜੇ ਹਥ ਨਾਲ ਮਰਦ ਦਾ ਸਜਾ ਹੱਥ ਫੜਕੇ ਖ਼ਾਦਮੁਦਦੀਨ ਦੇ ਪਿਛੇ ਪਿਛੇ ਐਉਂ ਕਹੇਃ–

ਮੈਂ (ਫ਼ਲਾਨੀ) ਤੈਨੂੰ ਫ਼ਲਾਨੇ) ਨੂੰ ਅਪਨਾ ਖ਼ਸਮ ਹੋਣ ਲਈ ਕਬੂਲ ਕਰਦੀ ਹਾਂ ਤਾਂ ਜੋ ਖ਼ੁਦਾ ਦੇ ਪਾਕ ਹੁਕਮ ਮੂਜਬ ਅਜ ਥੋਂ ਲੈਕੇ ਮਰਦਿਆਂ ਤੋੜੀ ਭਲਜਾਈ ਤੇ ਬੁਰਜਾਈ, ਤੰਗੀ ਤੇ ਖੁਸ਼ਹਾਲੀ, ਬੀਮਾਰੀ ਤੇ ਤੰਦਰੁਸਤੀ ਵਿਚ ਤੈਨੂੰ ਅਪਨਾ ਹੀ ਬਨਾ ਰਖਾਂ ਤੇਰੇ ਨਾਲ ਮੁਹਬਤ ਰਖਾਂ, ਤੇ ਤੇਰੀ ਖ਼ਾਤਰ ਕਰਾਂ, ਤੇ ਤੇਰੇ ਹੁਕਮ ਵਿਚ ਰਹਾਂ, ਤੇ ਇਸ ਗਲ ਦਾ ਮੈਂ ਤੇਰੇ ਨਾਲ ਕੌਲ ਕਰਾਰ ਕਰਦੀ ਹਾਂ ॥

ਫਿਰ ਓਹ ਹੱਥ ਛਡ ਦੇਨ ਤੇ ਮਰਦ ਇਕ ਛਲਾ ਕਿਤਾਬ ਉਤੇ ਰਖੇ ਤੇ ਖ਼ਾਦਮੁਦਦੀਨ ਦੇ ਕਹਿਣ ਮੂਜਬ ਔਰਤ ਦੇ ਖਬੇ ਹੱਥ ਦੀ ਚੌਥੀ ਉਂਗਲੀ ਵਿਚ ਪਾ ਦੇਵੇ ਤੇ ਛਲ ਨੂੰ ਫੜਿਆਂ ਹੋਇਆਂ ਖ਼ਾਦਮੁਦਦੀਨ ਦੇ ਦਸਣ ਮੂਜਬ ਐਂਉਂ ਆਖੇਃ–

ਮੈਂ ਇਸ ਛਲੇ ਦੀ ਰਾਹੀਂ ਤੈਨੂੰ ਵਿਆਹੁੰਦਾ ਹਾਂ ਅਪਨੀ ਦੇਹ ਨਾਲ ਤੇਰੀ ਇਜ਼ਤ ਕਰਦਾ ਹਾਂ ਅਪਨਾ ਸਾਰਾ ਮਾਲ ਮਤਾ ਤੈਨੂੰ ਦੇਂਦਾ ਹਾਂ–ਬਾਪ ਤੇ ਬੇਟੇ ਤੇ ਰੂਹਉਲਕਦਸ ਦੇ ਨਾਮਨਾਲ ॥

ਫਿਰ ਮਰਦ ਛਲੇ ਨੂੰ ਉਂਗਲ ਵਿਚ ਹੀ ਛਡ ਦੇਵੇ ਤੇਦਵੇਂ ਗੋਡੇ ਨਿਵਾ ਕੇ ਸਜਦਾ ਕਰਨ ਤੇ ਖ਼ਾਦਮੁਦਦੀਨ ਆਖੇ-ਅਸੀਂ ਦੁਆ ਮੰਗੀਏਃ–

ਐ ਸਦਾ ਦੇ ਖ਼ੁਦਾ ਸਾਰੀ ਖ਼ਲਕਤ ਦੇ ਪੈਦਾ ਕਰਨ ਤੇ ਪਾਲਨਵਾਲੇ ਤੇ ਸਾਰੇਫ਼ਜ਼ਲਦੇ ਬਖ਼ਸ਼ਨਵਾਲੇ ਤੇ ਹਮੇਸ਼ਾਂਦੀ ਜ਼ਿੰਦਗੀ ਦੇ ਮਾਲਕ ਏਸ ਮਰਦ ਤੇ ਏਸ ਔਰਤ ਉਤੇ ਜਿਨ੍ਹਾਂ ਨੂੰ ਅਸੀਂ ਤੇਰੇ ਨਾਮ ਉਤੇ ਦੁਆਖ਼ੈਰ ਦੇਂਦੇ ਹਾਂ ਅਪਨੀ ਬਰਕਤ ਨਾਜ਼ਲਕਰ ਪਈਜਿਸਤਰ੍ਹਾਂ ਇਜ਼ਹਾਕ ਤੇ ਰਿਬਕਾ ਆਪੋ ਵਿਚ ਵਫ਼ਾਦਾਰੀ ਨਾਲ ਰਹਿੰਦੇ ਸਨ ਓਸੇਤਰਹਾਂ ਏਹ ਦੋਵੇਂ ਉਸ ਕੌਲ ਕਰਾਰ ਉਤੇ ਜੋ ਏਹਨਾਂ ਆਪੋ ਵਿਚ ਕੀਤਾ ਹੈ ਜਿਹਦਾ ਨਿਸ਼ਾਨ ਏਹ ਛਲਾ ਹੈ ਈਮਾਨ ਦਾਰੀ ਵਿਚ ਰਹਿਨ ਤੇ ਹਮੇਸ਼ਾ ਬੜੀ ਮੁਹਬਤ

Digitized by Panjab Digital Library | www.panjabdigilib.org

ਤੇ ਮੇਲ ਮਿਲਾਪ ਨਾਲ ਰਹਿਨ ਤੇ ਤੇਰੇ ਹੁਕਮਾਂ ਮੂਜਬ ਉਮਰ ਕੱਟਨ ਸਾਡੇ ਖ਼ੁਦਾਵੰਦ ਯਿਸੂਮਸੀ ਦੇ ਵਸੀਲੇ ॥ ਆਮੀਨ

ਫੇਰ ਖ਼ਾਦਮੁਦਦੀਨ ਦੋਹਾਂ ਦੇ ਹੱਥ ਮਿਲਾਕੇ ਆਖੇ—

ਜਿਨ੍ਹਾਂ ਨੂੰ ਖ਼ੁਦਾ ਨੇ ਜੋੜਾ ਕੀਤਾ ਹੈ ਓਹਨਾਂਨੂੰ ਕੋਈ ਅੱਡ ਨ ਕਰੇ ॥

ਤਦ ਖਾਦਮੁਦਦੀਨ ਜਮਾਇਤ ਨੂੰ ਆਖੇਃ—

ਇਸ ਕਰਕੇ ਜੋ (ਫਲਾਣੇ) ਤੇ (ਫ਼ਲਾਣੀ) ਨੇ ਰਜ਼ਾਮੰਦੀ ਨਾਲ ਪਾਕ ਨਿਕਾਹ ਕੀਤਾ ਹੈ ਤੇ ਖ਼ੁਦਾ ਤੇ ਉਸ ਦੀ ਪਾਕ ਜਮਾਇਤ ਦੇ ਸਾਮਨੇ ਓਹਦਾ ਕਰਾਰ ਕੀਤਾ ਤੇ ਆਪੋ ਵਿਚ ਭੀ ਕੌਲ ਇਕਰਾਰ ਕੀਤਾ ਤੇ ਛਲੇ ਦੇ ਦੇਣ ਲੈਣ ਤੇ ਹਥਾਂ ਦੇ ਮਿਲਾਵਣ ਨਾਲ ਇਸ ਗਲ ਨੂੰ ਜ਼ਾਹਿਰ ਕੀਤਾ ਹੈ ਸੋ ਮੈਂ ਏਨ੍ਹਾਂ ਦੋਹਾਂ ਨੂੰ ਖਸਮ ਤੇ ਵਹੁਟੀ ਕਰਾਰ ਦੇਂਦਾ ਹਾਂ—ਬਾਪ ਬੇਟੇ ਤੇ ਰੂਹਉਲਕੱਦਸ ਦੇ ਨਾਮ ਨਾਲ ॥

ਤੇ ਖ਼ਾਦਮੁਦਦੀਨ ਏਹਬਰਕਤਦੇ ਕਲਮੇ ਭੀ ਕਹੇਃ—

ਖ਼ੁਦਾ ਬਾਪ ਖ਼ੁਦਾ ਬੇਟਾ ਖ਼ੁਦਾ ਰੂਹਉਲਕੱਦਸ ਤੁਹਾਨੂੰ ਬਰਕਤ ਦੇਵੇ ਤੁਹਾਡੀ ਹਿਫ਼ਾਜ਼ਤ ਤੇ ਰਖਵਾਲੀ ਕਰੇ ਨਾਲੇ ਅਪਨੇ ਕਰਮ ਫ਼ਜ਼ਲ ਦੀ ਨਜ਼ਰ ਤੁਹਾਡੇ ਉਤੇ ਰਖੇ ਤੇ ਸਬਤਰਹਾਂ ਦੀ ਰੂਹਾਨੀ ਬਰਕਤ ਨਾਲ ਤੁਹਾਨੂੰ ਭਰ ਦੇਵੇ ਤਾਂ ਜੋ ਤੁਸੀਂ ਦੋਵੇਂ ਇਕਠੇ ਏਸਤਰਹਾਂ ਗੁਜ਼ਰਾਨ ਕਰੋ ਪਈ ਅਗਲੇ ਜਹਾਨ ਵਿਚ ਸਦਾ ਦੀ ਜਿੰਦਗੀ ਹਾਸਲ ਕਰੋ ॥

ਤਦ ਖਾਦਮੁਦਦੀਨ ਖ਼ੁਦਾਵੰਦ ਦੀ ਮੇਜ਼ ਪਾਸ ਜਾਕੇ ਏਹ ਮਜ਼ਮੂਰ ਪੜ੍ਹੇਃ—

## ਮਜ਼ਮੂਰ ੧੨੮

੧–ਮੁਬਾਰਕ ਹੈ ਹਰ ਇਕ ਆਦਮੀ ਜੇਹੜਾ ਖ਼ੁਦਾਵੰਦ ਥੋਂ ਡਰਦਾ ਹੈ ਤੇ ਓਹਦਿਆਂ ਰਾਹਾਂ ਉਤੇ ਚਲਦਾ ਹੈ ॥

੨–ਕਿਉਂ ਜੋ ਤੂੰ ਅਪਨੇ ਹਥਾਂ ਦੀ ਕਮਾਈ ਖਾਏਂਗਾ ਤੂੰ ਖੁਸ਼ ਹੋਏਂਗਾ ਤੇ ਤੇਰੀ ਖ਼ੈਰ ਹੋਏਗੀ ॥

੩–ਤੇਰੀ ਵਹੁਟੀ ਤੇਰੇ ਘਰ ਦੇ ਅੰਦਰੇ ਅੰਦਰ ਫੁਲੀ ਹੋਈ ਦਾਖ ਵਾਂਗੂੰ ਹੋਏਗੀ ਤੇ ਤੇਰੇ ਬਾਲ ਬਚੇ ਤੇਰੇ ਦਸਤਰਖ਼ਾਨ ਦੇ ਆਲੇ ਦੁਵਾਲੇ ਜ਼ੈਤੂਨ ਦੇ ਬੂਟਿਆਂ ਵਾਂਗੂੰ ਹੋਨਗੇ ॥

Digitized by Panjab Digital Library | www.panjabdigilib.org

੪–ਦੇਖੋ ਓਹ ਮਨੁਖ ਜੇਹੜਾ ਖੁਦਾਵੰਦ ਥੋਂ ਡਰਦਾ ਹੈ ਅਜਿਹਾ ਮੁਬਾਰਕ ਹੋਏਗਾ ॥

੫–ਖੁਦਾਵੰਦ ਤੈਨੂੰ ਸੇਹੂਨ ਵਿੱਚੋਂ ਬਰਕਤ ਦੇਗਾ ਤੇ ਸਾਰੀ ਉਮਰ ਤੂੰ ਯਰੂਸ਼ਲੇਮ ਦੀ ਭਲਿਆਈ ਵੇਖੇਂਗਾ ॥

੬–ਹਾਂ ਤੂੰ ਅਪਨੇਦੋਹਤ੍ਰੇਪੋਤ੍ਰੇਵੇਖੇਂਗਾ ਇਸਰਾਈਲਦੀਸਲਾਮਤੀਹੋਵੇ

ਤਾਰੀਫ਼ ਬਾਪ ਤੇ ਬੇਟੇ ਤੇ ਰੂਹ ਉਲਕੱਦਸ ਦੀ ਹੋਵੇ :—
ਜਹੀ ਮੁਢੋਂ ਸੀ ਹੁਣ ਵੀ ਹੈ ਤੇ ਸਦਾ ਰਹੇਗੀ ॥ ਆਮੀਨ ॥

ਯਾ ਮਜ਼ਮੂਰ ੬੭

੧–ਖੁਦਾਵੰਦ ਸਾਡੇ ਉਤੇ ਮੇਹਰ ਕਰੇ ਤੇ ਸਾਨੂੰ ਬਰਕਤ ਦੇਵੇ ਤੇ ਅਪਨਾ ਚੇਹਰਾ ਸਾਡੇ ਉਤੇ ਝਲਕਾਵੇ ॥

੨–ਤਾਂ ਜੋ ਤੇਰਾ ਰਾਹ ਧਰਤੀ ਉਤੇ-ਹਾਂ ਤੇਰੀ ਨਜਾਤ ਸਾਰੀਆਂ ਗ਼ੈਰ ਕੌਮਾਂ ਵਿਚ ਜਾਣੀ ਜਾਵੇ ॥

੩–ਖੁਦਾਯਾ ਲੋਕ ਤੇਰੀ ਹਮਦ ਕਰਨਸਾਰੇ ਲੋਕਤੇਰੀ ਹਮਦਕਰਨ

੪–ਉਮਤਾਂ ਆਨੰਦ ਹੋਣ ਤੇ ਖੁਸ਼ੀ ਨਾਲ ਗੀਤ ਗਾਵਨ ਕਿਉਂ ਜੋ ਤੂੰ ਰਾਸਤੀ ਨਾਲ ਲੋਕਾਂ ਦਾ ਨਿਆਉਂ ਕਰੇਂਗਾ ਤੇ ਧਰਤੀ ਉਤੇ ਉਮਤਾਂ ਦਾ ਆਗੂ ਹੋਵੇਂਗਾ ॥

੫–ਖੁਦਾਯਾ ਲੋਕ ਤੇਰੀ ਹਮਦ ਕਰਨ ਸਾਰੇਲੋਕਤੇਰੀਹਮਦਕਰਨ

੬–ਧਰਤੀ ਨੇ ਅਪਨੀ ਪੈਦਾਵਾਰ ਦਿਤੀ ਹੈ। ਖੁਦਾ ਹਾਂ ਸਾਡਾ ਅਪਨਾ ਖੁਦਾ ਸਾਨੂੰ ਬਰਕਤ ਬਖ਼ਸ਼ੇਗਾ ॥

੭–ਖੁਦਾ ਸਾਨੂੰ ਬਰਕਤ ਦੇਗਾ ਤੇ ਦੁਨੀਆਂ ਦੀਆਂ ਸਾਰੀ ਕੂਟਾਂ ਉਸਥੋਂ ਡਰਨ ਗੀਆਂ ॥

ਤਾਰੀਫ ਬਾਪ ਬੇਟੇ ਤੇ ਰੂਹ ਉਲਕਦਸਦੀ ਹੋਵੇ:–
ਜਹੀ ਮੁਢੋਂ ਸੀ ਹੁਣ ਵੀ ਹੈ ਤੇ ਸਦਾ ਰਹੇਗੀ ॥ ਆਮੀਨ ॥

ਜਦ ਮਜ਼ਮੂਰ ਹੋਚੁਕੇ ਔਰਤ ਤੇ ਮਰਦ ਖੁਦਾਵੰਦ ਦੀ ਮੇਜ ਕੋਲ ਗੋਡੇ ਨਿਵਾਵਨ ਤੇ ਖ਼ਾਦਮੁਦਦੀਨ ਓਹਨਾਂ ਵਲ ਮੂੰਹ ਕਰਕੇ ਏਹ ਕਹੇ:-

**ਖ਼ਾਦਮ**—ਖੁਦਾਵੰਦ.ਸਾਡੇ ਉਤੇ ਰਹਿਮ ਕਰ॥

Digitized by Panjab Digital Library | www.panjabdigilib.org

**ਜਵਾਬ**—ਮਸੀਹ ਸਾਡੇ ਉਤੇ ਰਹਿਮ ਕਰ ॥

**ਖ਼ਾਦਮ**—ਖ਼ੁਦਾਵੰਦ ਸਾਡੇ ਉਤੇ ਰਹਿਮ ਕਰ ॥

## ਖ਼ੁਦਾਵੰਦ ਦੀ ਦੁਆ

ਐ ਸਾਡੇ ਬਾਪ ਜੋ ਅਸਮਾਨਾਂ ਉਤੇ ਹੈਂ ਤੇਰਾ ਨਾਮ ਪਾਕ ਰਖਿਆ ਜਾਵੇ ਤੇਰਾ ਰਾਜ ਆਵੇ ਤੇਰੀ ਮਰਜ਼ੀ ਜਿਸ ਤਰਹ ਅਸਮਾਨਾਂ ਉਤੇ ਪੂਰੀ ਹੁੰਦੀਏ। ਜ਼ਮੀਨ ਉਤੇ ਵੀ ਹੋਵੇ ਸਾਡੇ ਰੋਜ਼ ਦੀ ਰੋਟੀ ਅਜ ਸਾਨੂੰ ਦੇਹ ਤੇ ਸਾਡਿਆਂ ਕਸੂਰਾਂ ਨੂੰ ਬਖ਼ਸ਼ ਦੇ। ਜਿਸ ਤਰਹ ਅਸੀਂ ਭੀ ਅਪਨੇ ਕਸੂਰ ਵਾਰਾਂ ਨੂੰ ਬਖ਼ਸ਼ ਦੇਂਦੇ ਹਾਂ ਤੇ ਸਾਨੂ ਆਜ਼ਮਾਇਸ਼ ਵਿਚ ਨ ਪਾ ਸਗੋਂ ਬੁਰਜਾਈ ਖੋਂ ਬਚਾ ॥ਆਮੀਨ॥

**ਖ਼ਾਦਮੁਦਦੀਨ**—ਐ ਖੁਦਾਵੰਦ ਅਪਨੇ ਇਸ ਬੰਦੇ ਤੇ ਬੰਦੀ ਨੂੰ ਸਲਾਮਤ ਰਖ ॥

**ਜਵਾਬ**—ਕਿਉਂ ਜੋ ਓਹ ਤੇਰੇ ਉਤੇ ਭਰੋਸਾ ਰਖਦੇ ਹੈਨ ॥

**ਖ਼ਾਦਮੁਦਦੀਨ**—ਐ ਖੁਦਾਵੰਦ ਅਪਨੀ ਪਾਕ ਦਰਗਾਹੋਂ ਏਹਨਾਂ ਦੀ ਮਦਦ ਕਰ ॥

**ਜਵਾਬ**—ਤੇ ਹਮੇਸ਼ਾਂ ਏਹਨਾਂ ਨੂੰ ਅਪਨੀ ਪਨਾਹ ਵਿਚ ਰਖ ॥

**ਖ਼ਾਦਮੁਦਦੀਨ**—ਏਹਨਾਂ ਲਈ ਇਕ ਮੁਹਕਮ ਕਿਲਾ ਹੋ।

**ਜਵਾਬ**—ਓਨਹਾਂ ਦੇ ਦੁਸ਼ਮਣ ਦੇ ਆਣ ਪੈਨ ਦੇ ਵੇਲੇ ॥

**ਖ਼ਾਦਮੁਦਦੀਨ**—ਐ ਸਾਡੇ ਖੁਦਾ ਸਾਡੀ ਦੁਆ ਸੁਣ ਲੈ ॥

**ਜਵਾਬ**—ਤੇ ਸਾਡੀ ਫ਼ਰਯਾਦ ਸੁਣ ॥

**ਖ਼ਾਦਮੁਦਦੀਨ**—ਐ ਇਬ੍ਰਾਹੀਮ ਦੇ ਖੁਦਾ ਤੇ ਇਸਹਾਕ ਦੇ

Digitized by Panjab Digital Library | www.panjabdigilib.org

ਖੁਦਾ ਤੇ ਯਾਕੂਬ ਦੇ ਖੁਦਾ ਅਪਨੇ ਇਨਹਾਂ ਦੋਹਾਂ ਬੰਦਿਆਂ ਨੂੰ ਬਰਕਤ ਦੇ ਤੇ ਇਨਹਾਂ ਦੇ ਦਿਲਾਂ ਵਿਚ ਹਮੇਸ਼ਾ ਦੀ ਜ਼ਿੰਦਗੀ ਦਾ ਬੀ ਪਾ ਦੇ ਪਈ ਜੋ ਕੁਝ ਓਹ ਤੇਰੇ ਪਾਕ ਕਲਾਮ ਵਿਚੋਂ ਅਪਨੇ ਫ਼ਾਇਦੇ ਲਈ ਸਿਖਨ ਓਹਦੇ ਉਤੇ ਅਮਲ ਭੀ ਕਰਨ । ਐ ਖੁਦਾ-ਵੰਦ ਅਸਮਾਨ ਦੇ ਉਤੋਂ ਉਨਹਾਂ ਤੇ ਰਹਿਮ ਦੀ ਨਜ਼ਰ ਕਰ ਤੇ ਓਨ੍ਹਾਂ ਨੂੰ ਬਰਕਤ ਦੇ ਤੇ ਜਿਸ ਤਰਹ ਤੂੰ ਇਬ੍ਰਾਹੀਮ ਤੇ ਸਾਰਾ ਉਤੇ ਅਪਨੀ ਬਰਕਤ ਨਾਜ਼ਲ ਕੀਤੀ ਜਿਸ ਥੋਂ ਉਨ੍ਹਾਂ ਨੂੰ ਬਹੁਤ ਤਸੱਲੀ ਹੋਈ ਏਸੇ ਤਰਹ ਏਨ੍ਹਾਂ ਅਪਨੇ ਬੰਦਿਆਂ ਉਤੇ ਮੇਹਰ ਕਰਕੇ ਬਰਕਤ ਨਾਜਲ ਕਰ ਜੋ ਓਹ ਤੇਰੀ ਮਰਜੀ ਦੇ ਤਾਬਜਾ ਰਹਿਨ ਏਨ੍ਹਾਂ ਦੀ ਰਾਖੀ ਕਰ ਜੋ ਓਹ ਮਰਦੇ ਦਮ ਤੋੜੀ ਤੇਰੀ ਮੁਹਬਤ ਵਿਚ ਸਾਬਤ ਰਹਿਨ ਸਾਡੇ ਖੁਦਾਵੰਦ ਯਿਸੂ ਮਸੀਹ ਦੇ ਵਸੀਲੇ ॥ ਆਮੀਨ

ਜੇ ਔਰਤ ਬਹੁਤ ਬੁਢੀ ਹੋਗਈ ਹੋਵੇ ਤਾਂ ਏਹ ਦੁਆ ਨ ਪੜ੍ਹੀ ਜਾਵੇ

## ਦੁਆ

ਐ ਰਹੀਮ ਖੁਦਾਵੰਦ ਤੇ ਅਸਮਾਨੀ ਬਾਪ ਤੇਰੇ ਕਰਮ ਫ਼ਜ਼ਲ ਨਾਲ ਲੋਕ ਵਧਦੇ ਹੈਨ ਅਸੀ ਤੇਰੀ ਮਿੰਨਤ ਕਰਨਿਆਂ ਪਈ ਅਪਨੀ ਬਰਕਤ ਨਾਲ ਏਹਨਾਂ ਦੋਹਾਂ ਦੀ ਮਦਦ ਕਰ ਪਈ ਏਹ ਔਲਾਦ ਨਾਲ ਫੁਲਨ ਫਲਨ ਤੇ ਨਾਲੇ ਆਪੋ ਵਿਚ ਮਸੀਹੀ ਪਿਆਰ ਤੇ ਸਲੂਕ ਨਾਲ ਏਡੀ ਲੰਮੀ ਉਮਰ ਤੀਕਰ ਜੀਉਂਦੇ ਰਹਿਨ ਜੋ ਅਪਨੇ ਪੁਤ੍ਰਾਂ ਧੀਆਂ ਨੂੰ ਮਸੀਹੀ ਦੀਨ ਦੇ ਨੇਕ ਰਾਹ ਉਤੇ ਤੁਰਦਿਆਂ ਵੇਖ ਲੈਨ ਜਿਸ ਕਰਕੇ ਤੇਰੀ ਵਡਜਾਈ ਤੇ ਇਜ਼ਤ ਹੋਵੇ ਸਾਡੇ ਖੁਦਾਵੰਦ ਯਿਸੂ ਮਹੀਹ ਦੇ ਵਸੀਲੇ ॥ ਆਮੀਨ

ਕਾਦਰ ਮੁਤਲਕ ਖ਼ੁਦਾ ਜਿਨ ਪਹਿਲ ਪਹਿਲਾਂ ਸਾਡੇ ਬਾਬਾ ਆਦਮ ਤੇ ਅੰਮਾ ਹੱਵਾ ਨੂੰ ਪੈਦਾ ਕੀਤਾ ਤੇ ਪਾਕ ਨਿਕਾਹ ਦੀ ਰਾਹੀਂ ਓਹਨਾਂ ਨੂੰ ਆਪੋ ਵਿਚ ਮਿਲਾਯਾ ਤੁਹਾਡੇ ਉਤੇ ਅਪਨੇ ਫ਼ਜ਼ਲ ਦਾ ਮੀਂਹ ਵਸਾਵੇ ਨਾਲੇ ਤੁਹਾਨੂੰ ਪਾਕ ਕਰੇ ਤੇ ਬਰਕਤ ਬਖ਼ਸ਼ੇ ਤਾਂ ਜੋ ਤੁਸੀ ਜਿਸਮ ਤੇ ਰੂਹ ਨਾਲ ਓਹਨੂੰ ਰਾਜ਼ੀ ਰਖੋ ਤੇ ਮਰਦਿਆਂ ਦਮ ਤੋੜੀ ਪਾਕ ਮੁਹਬਤ ਵਿਚ ਰਖੇ ਰਹੋ ॥ ॥ਆਮੀਨ॥

Digitized by Panjab Digital Library | www.panjabdigilib.org

# ਨਸੀਹਤ

ਤੁਸੀ ਸਾਰੇ ਜਿਨਾਂ ਦਾ ਨਿਕਾਹ ਹੋਗਿਆ ਹੈ ਤੇ ਨਾਲੇ ਜੇਹੜੇ ਵਿਆਹ ਕਰਨ ਦਾ ਇਰਾਦਾ ਰਖਦੇ ਹੋ ਸੁਣੋ ਕਿ ਪਾਕ ਕਿਤਾਬ ਖ਼ਸਮਾਂ ਨੂੰ ਓਹਨਾਂ ਦੀਆਂ ਵਹੁਟੀਆਂ ਦੇ ਹਕ ਵਿਚ ਤੇ ਵਹੁਟੀਆਂ ਨੂੰ ਓਹਨਾਂ ਦੇ ਖ਼ਸਮਾਂ ਦੇ ਹਕ ਵਿਚ ਕੀ ਕਹਿੰਦੀ ਹੈ ਮਕੱਦਸ ਪੋਲੂਸ ਇਫਸੀਆਂ ਦੇ ਖਤ ਦੇ ਪੰਜਵੇਂ ਬਾਬ ਵਿਚ ਸਾਰੇ ਵਿਆਹੇ ਹੋਯਾਂ ਨੂ ਏਹ ਹੁਕਮ ਦੇਂਦਾ ਹੈ ਕਿ ਅਪਨੀਆਂ ਵਹੁਟੀਆਂ ਨੂ ਪਜਾਰ ਕਰੋ ਜਿਸ ਤਰਹ ਮਸੀਹ ਨੇ ਕਲੀਸੀਆ ਨੂੰ ਵੀਪਜਾਰ ਕੀਤਾ ਤੇ ਏਸੇ ਤਰਹ ਮਰਦਾਂ ਨੂ ਚਾਹੀਦਾ ਹੈ ਪਈ ਅਪਨੀਆਂ ਵਹੁਟੀਆਂ ਨੂ ਅਜਿਹਾ ਪਿਆਰ ਕਰਨ ਜਿਹਾ ਅਪਨੀ ਦੇਹ ਨੂ, ਜੇਹੜਾ ਅਪਨੀ ਵਹੁਟੀ ਨੂ ਪਿਆਰ ਕਰਦਾ ਹੈ ਸੋ ਆਪਨੂਪਿਆਰ ਕਰਦਾ ਹੈ ਕਿਉਂ ਜੋ ਕਿਸੇ ਨੇ ਅਪਨੀ ਦੇਹ ਨਾਲ ਕਦੀ ਵੈਰ ਨਹੀਂ ਕੀਤਾ ਸਗੋਂ ਓਹਨੂ ਪਾਲਦਾ ਤੇ ਪੋਸਦਾ ਹੈ ਜਿਸਤਰਹ ਖੁਦਾਵੰਦ ਵੀ ਕਲੀਸੀਆ ਨੂ, ਸੋ ਆਦਮੀ ਅਪਨੇ ਮਾਂ ਪਿਓ ਨੂੰ ਛਡੇਗਾ ਤੇ ਅਪਨੀ ਵਹੁਟੀ ਨਾਲ ਮਿਲਜਾ ਰਹੇਗਾ ਤੇ ਓਹ ਦੋਵੇਂ ਇਕ ਤਨ ਹੋਨਗੇ ਫਿਰ ਪੋਲੂਸ ਕੁਲਸੀਆਂ ਦੇ ਖ਼ਤ ਵਿਚ ਮਰਦਾਂ ਨੂੰ ਏਹ ਹੁਕਮ ਦੇਂਦਾ ਹੈ ਪਈ ਅਪਨੀਆਂ ਵਹੁਟੀਆਂ ਨੂੰ ਪਿਆਰ ਕਰੋ ਤੇ ਓਹਨਾਂ ਨਾਲ ਕੌੜੇ ਨ ਹੋ। ਮਕੱਦਸ ਪਤਰਸ ਜੋ ਮਸੀਹ ਦਾ ਰਸੂਲ ਤੇ ਆਪ ਭੀ ਵਿਅਹਯਾ ਹੋਯਾ ਸੀ ਏਹ ਫ਼ਰਮਾਉਂਦਾ ਹੈ ਤੁਸੀ ਅਕਲ ਨਾਲ ਅਪਨੀਆਂ ਵਹੁਟੀਆਂ ਨਾਲ ਵਰਤੋ ਤੇ ਔਰਤ ਨੂੰ ਨਾਜਕ ਸਮਝ ਕੇ ਇਜਤ ਦਿਓ ਤੇ ਜਾਣੋ ਕਿ ਜ਼ਿੰਦਗੀ ਤੇ ਫ਼ਜ਼ਲ ਦੇ ਵਿਰਸਾ ਵਿਚ ਤੁਸੀਂ ਦੋਵੇਂ ਹਿਸਾਦਾਰ ਹੋ ਤਾਂ ਜੋ ਤੁਹਾ-ਡੀਆਂ ਦੁਆਵਾਂ ਸੁਣੀਆਂ ਜਾਨ–ਏਥੋਂ ਤੋੜੀ ਤੇ ਆਦਮੀਆਂ ਲਈ ਨਸੀਹਤ ਹੈ ਹੁਣ ਜੋ ਔਰਤਾਂ ਲਈ ਹੈ ਓਹ ਭੀ ਸੁਣੋ ॥

ਮਕੱਦਸ ਪੋਲੂਸ ਓਸੇ ਖ਼ਤ ਵਿਚ ਫ਼ਰਮਾਉਂਦਾ ਹੈ ਪਈ ਐ ਔਰਤੋ ਅਪਨੇ ਖ਼ਸਮਾਂ ਦੇ ਤਾਬਜਾ ਰਹੋ ਜਿਵੇਂ ਖ਼ੁਦਾਵੰਦ ਵੀ, ਕਿਉਂ ਜੋ ਖ਼ਸਮ ਔਰਤ ਦਾ ਸਿਰ ਹੈ, ਜਿਵੇਂ ਮਸੀਹ ਭੀ ਕਲੀਸੀਆ

Digitized by Panjab Digital Library | www.panjabdigilib.org

ਦਾ ਤੇ ਜੇਹੀ ਕਲੀਸੀਆ ਮਸੀਹ ਦੀ ਫ਼ਰਮਾਂ ਬਰਦਾਰ ਹੈ ਏਸੇ ਤਰਹ ਔਰਤਾਂ ਵੀ ਹਰ ਗਲ ਵਿਚ ਅਪਨੇ ਖ਼ਸਮਾਂ ਦੀਆਂ ਹੋਨ ਨਾਲੇ ਏਹ ਭੀ ਕਹਿੰਦਾ ਹੈ ਕਿ ਔਰਤ ਅਪਨੇ ਖ਼ਸਮ ਦਾ ਅਦਬ ਕਰੇ, ਫਿਰ ਮਕੱਦਸ ਪਤਰਸ ਭੀ ਬਹੁਤ ਅਛੀ ਨਸੀਹਤ ਕਰਦਾ ਹੈ ਕਿ ਐ ਔਰਤੋ ਆਪੋ ਅਪਨੇ ਖ਼ਸਮਾਂ ਦੀ ਤਾਬਜ਼ਾਦਾਰੀ ਕਰੋ ਤਾਂ ਜੋ ਜੇ ਕੋਈ ਓਹਨਾਂ ਵਿਚੋਂ ਖ਼ੁਦਾ ਦੇ ਕਲਾਮ ਨੂੰ ਨ ਮੰਨਦਾ ਹੋਵੇ ਓਹ ਤੁਹਾਡੇ ਨੇਕ ਚਲਨ ਨੂੰ ਵੇਖਕੇ ਮੋਹਿਆ ਜਾਵੇ ਤੇ ਤੁਹਾਡਾ ਸਿੰਗਾਰ ਦਿਖਲਾਵੇ ਦਾ ਨਾਂ ਹੋਵੇ ਜਿਹਾ ਰੰਗ ਬਰੰਗੇ ਤੇ ਗੋਟੇ ਕਿਨਾਰੀ ਦੇ ਕਪੜੇ ਪਾਓਣੇ ਤੇ ਹੋਰ ਏਹੋ ਜਹੀਆਂ ਗਲਾਂ ਕਰਨੀਆਂ ਸਗੋਂ ਚਾਹੀਦਾਏ ਕਿ ਦਿਲ ਦੀ ਸਫ਼ਾਈ ਤੇ ਗ਼ਰੀਬ ਮਿਜ਼ਾਜੀ ਤੇ ਭਲਮਨਸਾਈ ਹੋਵੇ ਏਹੋ ਗਲਾਂ ਖ਼ੁਦਾ ਦੇ ਅਗੇ ਕੀਮਤੀ ਹੈਨ ਕਿਉਂ ਜੋ ਅਗਲੇ ਜ਼ਮਾਨੇ ਦੀਆਂ ਬਜ਼ੁਰਗ ਔਰਤਾਂ ਖ਼ੁਦਾ ਉਤੇ ਭਰੋਸਾ ਰਖਦੀਆਂ, ਨੇਕੀ ਕਰਦੀਆਂ ਤੇ ਅਪਨੇ ਖ਼ਸਮਾਂ ਦੇ ਤਾਬਜ਼ਾ ਰਹਿੰਦੀਆਂ ਸਨ ਜਿਹਾ ਕਿ ਸਾਰਾ ਇਬ੍ਰਾਹੀਮ ਦੀ ਫਰਮਾਂਬਰਦਾਰੀ ਕਰਦੀ ਤੇ ਓਹਨੂੰ ਅਪਨਾਂ ਖ਼ੁਦਾਵੰਦ ਕਹਿੰਦੀ ਸੀ ਸੋ ਜਦੋਂ ਤੀਕਰ ਤੁਸੀ ਏਸਤਰਹ ਕਰੋ ਤੁਹਾਨੂੰ ਕਿਸੇ ਦਾ ਭੌ ਨਾਂ ਹੋਏਗਾ ਤੇ ਤੁਸੀਂ ਖ਼ੁਦਾ ਦੀਆਂ ਧੀਆਂ ਹੋਵੋਗੀਆਂ ॥

———o———

Digitized by Panjab Digital Library | www.panjabdigilib.org

# ਜਿੱਚਾ ਦਾ ਸ਼ੁਕਰਾਨਾ

ਔਰਤ ਜਣਨ ਦੇ ਮਗਰੋਂ ਮੁਕਰਰੀ ਵੇਲੇ ਉਤੇ ਸਾਫ਼ ਸੁਥਰੇ ਕਪੜੇ ਪਾਕੇ ਗਿਰਜੇ ਵਿਚ ਆਵੇ ਤੇ ਦਸਤੂਰ ਮੂਜਬ ਮੁਨਾਸਬ ਜਗਾ ਤੇ ਗੋਡੇ ਨਿਵਾਏ ਤੇ ਖ਼ਾਦਮੁਦਦੀਨ ਓਹਨੂੰ ਏਹ ਆਖੇ:——

ਖ਼ੁਦਾ ਦੀ ਬੜੀ ਮੇਹਰਬਾਨੀ ਹੋਈ ਜੋ ਤੈਨੂੰ ਸਲਾਮਤੀ ਨਾਲ ਬੱਚਾ ਪੈਦਾ ਹੋਯਾ ਤੇ ਉਸਨੇ ਜਣਨੇ ਦੇ ਬੜੇ ਖ਼ਤਰੇ ਥੋਂ ਬਚਾਯਾ ਇਸ ਲਈ ਚਾਹੀਦਾਏ ਪਈ ਤੂੰ ਦਿਲ ਨਾਲ ਖ਼ੁਦਾ ਦਾ ਸ਼ੁਕਰ ਕਰੇਂ, ਤੇ ਏਹ ਆਖੇਂ:——

ਤਦ ਖਾਦਮੁਦਦੀਨ ਮਜ਼ਮੂਰ ਪੜ੍ਹੇ

(ਮਜ਼ਮੂਰ ੧੧੬)

੧--ਮੇਰੀ ਇਸ ਕਰਕੇ ਖ਼ੁਦਾਵੰਦ ਦੇ ਨਾਲ ਪ੍ਰੀਤ ਹੋਗਈ ਜੋ ਉਸਨੇ ਮੇਰੀ ਆਵਾਜ਼ ਤੇ ਮੇਰੀਆਂ ਮਿੰਨਤਾਂ ਸੁਣੀਆਂ।

੨–ਇਸ ਕਰਕੇ ਜੋ ਉਸਨੇ ਕੰਨ ਮੇਰੇ ਵਲ ਲਾਏ ਸੋ ਜਦ ਤੀਕਰ ਮੇਰਾ ਦਮ ਹੈ ਮੈਂ ਓਹਨੂੰ ਧਜਾਵਾਂਗਾ॥

੩–ਮੌਤ ਦੀ ਫਾਹੀਨੇ ਮੈਨੂੰ ਘੇਰਿਆ ਤੇ ਕਬਰ ਦੇ ਸ਼ਿਕੰਜੇ ਨੇ ਮੈਨੂੰ ਆ ਘੁਟਿਆ ਦੁਖਤੇ ਉਦਾਸੀ ਮੈਨੂੰ ਮਿਲੇ॥

੪–ਤਦ ਮੈਂ ਖ਼ੁਦਾਵੰਦ ਦੇ ਨਾਮ ਨੂੰ ਪੁਕਾਰਯਾ, ਪਈ ਖ਼ੁਦਾਵੰਦਾ ਮੈਂ ਤੇਰੀ ਮਿੰਨਤ ਕਰਦਾ ਹਾਂ ਮੇਰੀ ਜਾਨ ਨੂੰ ਬਚਾ ਲੈ॥

੫–ਖ਼ੁਦਾਵੰਦ ਮੇਹਰਬਾਨ ਤੇ ਸਾਦਕ ਹੈ ਹਾਂ ਸਾਡਾ ਖ਼ੁਦਾ ਰਹੀਮਹੈ॥

੬–ਖ਼ੁਦਾਵੰਦ ਭੋਲੇ ਭਾਲਿਆਂ ਦਾ ਰਾਖਾ ਹੈ ਮੈਂ ਨਿਘਰ ਗਿਆ ਸਾਂ ਤੇ ਉਸਨੇ ਮੈਨੂੰ ਬਚਾਯਾ॥

੭–ਐ ਮੇਰੀ ਜਾਨਤੂੰ ਅਪਨੇ ਟਿਕਾਣੇ ਵਲ ਮੁੜ ਚਲ ਕਿਉਂ ਜੋ ਖ਼ੁਦਾਵੰਦ ਵਲੋਂ ਤੈਨੂੰ ਬੜਾ ਅਜਰ ਮਿਲੇਗਾ॥

੮–ਕਿਉਂ ਜੋ ਤੂੰ ਮੇਰੀ ਜਾਨ ਨੂੰ ਮੌਤ ਥੋਂ ਤੇ ਮੇਰੀਆਂ ਅੱਖੀਆਂ ਨੂੰ ਹੰਝੂਆਂ ਥੋਂ ਤੇ ਮੇਰੇ ਪੈਰਾਂ ਨੂੰ ਥਕਣ ਤੋਂ ਬਚਾਯਾ ਹੈ॥

੯–ਮੈਂ ਖ਼ੁਦਾਵੰਦ ਦੇ ਹਜ਼ੂਰ ਜੀਉਂਦਿਆਂ ਦੀ ਜ਼ਮੀਨ ਉਤੇ ਚਲਾਂਗਾ।

Digitized by Panjab Digital Library | www.panjabdigilib.org

੧੦–ਮੈਂ ਈਮਾਨ ਦੇ ਸਬਬ ਐਉਂ ਬੋਲਿਆ ਭਾਵੇਂ ਮੈਂ ਅਤ ਦੁਖੀ ਸਾਂ ॥

੧੧–ਅਚਾਨਕ ਮੇਰੇ ਮੂੰਹੋਂ ਨਿਕਲ ਗਿਆ ਪਈ ਸਾਰੇ ਆਦਮੀ ਝੂਠੇ ਹੈਨ ॥

੧੨–ਉਨ੍ਹਾਂ ਸਾਰੀਆਂ ਬਰਕਤਾਂ ਦੇ ਬਦਲੇ ਜੇਹੜੀਆਂ ਮੈਨੂੰ ਮਿਲੀਆਂ ਹੈਨ ਖੁਦਾਵੰਦ ਨੂੰ ਕੀਹ ਦਿਆਂ ?

੧੩–ਮੈਂ ਨਜਾਤ ਦਾ ਪਿਆਲਾ ਹਥੀਂ ਲੈਕੇ ਖੁਦਾਵੰਦ ਦੇ ਨਾਮ ਨੂੰ ਪੁਕਾਰਾਂ ਗਾ ॥

੧੪–ਮੈਂ ਖੁਦਾਵੰਦ ਨੂੰ ਅਪਨੀਆਂ ਮਿੰਨਤਾਂ ਚੜ੍ਹਾਵਾਂਗਾ ਉਸ ਦੇ ਸਾਰੇ ਲੋਕਾਂ ਦੇ ਸਾਹਮਣੇ ॥

੧੫–ਖੁਦਾਵੰਦ ਦੀ ਨਜ਼ਰ ਵਿਚ ਓਹਦਿਆਂ ਪਰਜਾਰਿਆਂ ਦੀ ਮੌਤ ਬੜੀ ਕਦਰ ਰਖਦੀ ਹੈ ॥

੧੬–ਖੁਦਾਵੰਦ ਸਚ ਮੁਚ ਮੈਂ ਤੇਰਾ ਬੰਦਾ ਹਾਂ ਤੇਰਾ ਹੀ ਬੰਦਾ ਤੇਰੀ ਲੌਂਡੀ ਦਾ ਪੁੱਤ੍ਰ ਹਾਂ ਤੂੰ ਹੀ ਮੇਰੇ ਬੰਧਨ ਖੋਲ੍ਹ ਦਿਤੇ ॥

੧੭–ਮੈਂ ਸ਼ੁਕਰਾਨੇ ਦੀ ਕੁਰਬਾਨੀ ਤੇਰੇ ਅਗੇ ਚੜ੍ਹਾਵਾਂਗਾ ਤੇ ਖੁਦਾ-ਵੰਦ ਦੇ ਨਾਮ ਨੂੰ ਪੁਕਾਰਾਂਗਾ ॥

੧੮–ਮੈਂ ਖੁਦਾਵੰਦ ਨੂੰ ਅਪਨੀਆਂ ਮਿੰਨਤਾਂ ਚੜ੍ਹਾਵਾਂਗਾ ਉਸਦੇ ਸਾਰੇ ਲੋਕਾਂ ਦੇ ਸਾਮਨੇ ॥

੧੯–ਬਯਤ ਅੱਲਾ ਦੀਆਂ ਬਾਰਗਾਹਾਂ ਵਿਚ—ਹਾਂ ਤੇਰੇ ਵਿਚ ਐ ਯਰੂਸ਼ਲੇਮ ਹੈਲੀਲੋਯਾਹ ॥

ਜਲਾਲ ਬਾਪ ਤੇ ਬੇਟੇ ਤੇ ਰੂਹਉਲਕੱਦਸ ਦਾ ਹੋਵੇ
ਜਿਹਾ ਮੁਢੋਂ ਸੀ ਹੁਣ ਵੀ ਹੈ ਤੇ ਸਦਾ ਰਹੇਗਾ ॥ ਆਮੀਨ

ਯਾ:–ਮਜ਼ਮੂਰ ੧੨੭

੧–ਜੇ ਖੁਦਾਵੰਦ ਹੀ ਘਰ ਨੂੰ ਨਾ ਬਨਾਵੇ ਤਾਂ ਉਸਦੇ ਬਨਾਵਨ ਵਾਲਯਾਂ ਦੀ ਮੇਹਨਤ ਬੇਫਾਇਦਾ ਹੈ ਖੁਦਾਵੰਦ ਜੇ ਸ਼ਹਿਰ ਦਾ ਰਾਖਾ ਨਾ ਹੋਵੇ ਤਾਂ ਫੇਰੇ ਵਾਲਾ ਬੇਫਾਇਦਾ ਜਾਗਦਾ ਰਹੇ

੨–ਤੁਹਾਡਾ ਸਵੇਰ ਦਾ ਉਠਨਾਂ ਤੇ ਅਵੇਰ ਦਾ ਸੌਣਾਂ ਭੀ ਤੇ ਤੁਹਾਡੀ

Digitized by Panjab Digital Library | www.panjabdigilib.org

ਮੁੜਕੇ ਦੀ ਰੋਟੀ ਬੇਫ਼ਾਇਦਾ ਹੈ ਕਿਉਂ ਜੋ ਓਹ ਅਪਨੇ ਪਜ਼ਾ-ਰਿਆਂ ਨੂੰ ਐਂਵੇਂ ਨੀਂਦਰ ਬਖ਼ਸ਼ਦਾ ਹੈ ॥

੩–ਵੇਖੋ ਔਲਾਦ ਖ਼ੁਦਾਵੰਦ ਵਲੋਂ ਵਿਰਸਾ ਹੈ ਤੇ ਪੇਟ ਦਾ ਫਲ ਓਹਦੇ ਵਲੋਂ ਅਜਰ ਹੈ ॥

੪–ਜਿਸ ਤਰਹ ਬਹਾਦਰ ਦੇ ਹਥ ਵਿਚ ਤੀਰਾਂ ਦਾ ਮੁਠਾ ਓਸੇ ਤਰਹ ਜਵਾਨੀ ਦੀ ਔਲਾਦ ਹੈ ॥

੫–ਧਨ ਹੈ, ਓਹ ਮਨੁਖ ਜਿਹਦਾ ਤਰਕਸ਼ ਉਨ੍ਹਾਂ ਨਾਲ ਭਰਿਆ ਹੋਯਾ ਹੈ ਓਹ ਤਾਂ ਸ਼ਰਮਿੰਦਾ ਨਾ ਹੋਨਗੇ ਜਦ ਅਪਨੇ ਵੈਰੀਆਂ ਨਾਲ ਫਾਟਕ ਵਿਚ ਗਲਾਂ ਕਰਨਗੇ ॥
ਜਲਾਲ ਬਾਪ ਤੇ ਬੇਟੇ ਵਗ਼ੈਰਾ ।

ਖ਼ਾਦਮੁਦਦੀਨ ਆਖੇ ਅਸੀਂ ਦੁਆ ਮੰਗੀਏ

ਖ਼ੁਦਾਵੰਦ ਸਾਡੇ ਉਤੇ ਰਹਿਮ ਕਰ ।
ਮਸੀਹ ਸਾਡੇ ਉਤੇ ਰਹਿਮ ਕਰ ।
ਖ਼ੁਦਾਵੰਦ ਸਾਡੇ ਉਤੇ ਰਹਿਮ ਕਰ ॥

ਐ ਸਾਡੇ ਬਾਪ ਜੋ ਅਸਮਾਨਾਂ ਉਤੇ ਹੈਂ ਤੇਰਾ ਨਾਮ ਪਾਕ ਰਖਿਆ ਜਾਵੇ ਤੇਰਾ ਰਾਜ ਆਵੇ ਤੇਰੀ ਮਰਜ਼ੀ ਜਿਸ ਤਰਹ ਅਸਮਾਨਾਂ ਉਤੇ ਪੂਰੀ ਹੁੰਦੀ ਹੈ ਜ਼ਮੀਨ ਤੇ ਭੀ ਹੋਵੇ ਸਾਡੇ ਰੋਜ਼ ਦੀ ਰੋਟੀ ਅਜ ਸਾਨੂੰ ਦੇਹ ਤੇ ਸਾਡਿਆਂ ਕਸੂਰਾਂ ਨੂੰ ਬਖ਼ਸ਼ ਦੇ ਜਿਸ ਤਰਹ ਅਸੀ ਭੀ ਅਪਨੇ ਕਸੂਰਵਾਰਾਂ ਨੂੰ ਬਖਸ਼ ਦੇਂਦੇ ਹਾਂ ਤੇ ਸਾਨੂੰ ਆਜ਼ਮਾਇਸ਼ ਵਿਚ ਨ ਪਾ ਸਗੋਂ ਬੁਰਜਾਈ ਥੋਂ ਬਚਾ ਕਿਉਂ ਜੋ ਰਾਜ ਤੇ ਕੁਦਰਤ ਤੇ ਵਡਯਾਈ ਸਦਾ ਤੇਰੀ ਹੀ ਹੈ ॥ ਆਮੀਨ ।

**ਖ਼ਾਦਮੁਦਦੀਨ**-- ਐ ਖ਼ੁਦਾਵੰਦ ਅਪਨੀ ਏਸ ਬੰਦੀ ਨੂੰ ਸਲਾਮਤ ਰਖ ॥

**ਜਵਾਬ**–ਤੇ ਓਹ ਤੇਰੇ ਉਤੇ ਭਰੋਸਾ ਰਖਦੀ ਹੈ ॥

Digitized by Panjab Digital Library | www.panjabdigilib.org

**ਖ਼ਾਦਮ**—ਓਹਦੇ ਲਈ ਇਕ ਪੱਕਾ ਬੁਰਜ ਹੋ।

**ਜਵਾਬ**—ਓਹਦੇ ਵੈਰੀ ਦੇ ਆਨ ਪੈਣ ਦੇ ਵੇਲੇ॥

**ਖ਼ਾਦਮ**--ਖੁਦਾਵੰਦ ਸਾਡੀ ਦੁਆ ਸੁਣ॥

**ਜਵਾਬ**—ਤੇ ਸਾਡੀ ਫਰਜਾਦ ਨੂੰ ਅਪਨੇ ਤੀਕਰ ਪਹੁੰਚਨੇ ਦੇ।

ਖ਼ਾਦਮੁਦਦੀਨ ਅਸੀਂ ਦੁਆ ਮੰਗੀਏ ੩--

ਐ ਕਾਦਰ ਮੁਤਲਕ ਖੁਦਾ ਅਸੀਂ ਆਜਜ਼ੀ ਨਾਲ ਤੇਰਾ ਸ਼ੁਕਰ ਕਰਦੇ ਹਾਂ ਕਿ ਤੂੰ ਅਪਨੇ ਬੜੇ ਕਰਮ ਫ਼ਜ਼ਲਨਾਲ ਅਪਨੀ ਇਸ ਬੰਦੀ ਨੂੰ ਜਣਨੇ ਦੇ ਬੜੇ ਦੁਖ ਤੇ ਖ਼ਤ੍ਰੇ ਤੋਂ ਛੁਡਾਯਾ ਹੈ, ਐ ਕਮਾਲ ਰਹੀਮ ਬਾਪ ਅਸੀਂ ਤੇਰੀ ਮਿੰਨਤ ਕਰਦੇ ਹਾਂ ਪਈ ਏਹ ਤੇਰੀ ਮਦਦ ਨਾਲ ਇਸ ਜਹਾਨਵਿਚ ਅਪਨੀ ਉਮ੍ਰ ਈਮਾਨਦਾਰੀ ਨਾਲ ਗੁਜ਼ਾਰੇ ਤੇ ਤੇਰੀ ਮਰਜ਼ੀ ਮੂਜਬ ਚਲੇ ਤੇ ਆਉਣ ਵਾਲੇ ਜਹਾਨ ਵਿਚ ਹਮੇਸ਼ਾ ਦੇ ਜਲਾਲ ਦੀ ਸ਼ਰੀਕ ਹੋ ਜਾਵੇ ਸਾਡੇ ਖੁਦਾਵੰਦ ਯਿਸੂ ਮਸੀਹ ਦੇ ਵਸੀਲੇ॥ (ਆਮੀਨ)

ਜ਼ੱਚਾ ਨੂੰ ਸ਼ੁਕਰਾਨੇ ਦੇ ਮਗਰੋਂ ਅਪਨੀ ਨਜ਼ਰ ਗੁਜ਼ਾਰਨੀ ਚਾਹੀਦੀ ਹੈ ਤੇ ਜੇ ਏਸ਼ਾਏ ਰੱਬਾਨੀ ਹੋਏ ਤਾਂ ਓਹ ਭੀ ਓਸ ਵਿਚ ਸ਼ਾਮਲ ਹੋਵੇ॥

PL-0705

Digitized by Panjab Digital Library | www.panjabdigilib.org